# ਪਿਆਰੇ ਵਿਦਿਆਰਥੀਓ!!



7ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 7ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਟਾਈਪਿੰਗ ਟਿਊਟਰ | https://youtu.be/GUFCpc_x-DA |
| ਮਈ | ਪਾਠ-2 ਵਿੰਡੋਜ਼ ਐਕਸਪਲੋਰਰ | https://youtu.be/0E3I0GFbMJs |
| ਜੁਲਾਈ | ਪਾਠ-3 ਮਾਈਕਰੋਸਾਫਟ ਵਰਡ (ਭਾਗ-1) | |
| ਅਗਸਤ | ਪਾਠ-4 ਮਾਈਕਰੋਸਾਫਟ ਵਰਡ (ਭਾਗ-2) | https://youtu.be/vvQwkvhAXPI |
| ਅਕਤੂਬਰ | ਪਾਠ-5 ਮਾਈਕਰੋਸਾਫਟ ਵਰਡ (ਭਾਗ-3) | https://youtu.be/OWBofDDSpH0 |
| ਨਵੰਬਰ | ਪਾਠ-6 ਮਾਈਕਰੋਸਾਫਟ ਵਰਡ (ਭਾਗ-4) | https://youtu.be/1s5-qjor608 |
| ਦਸੰਬਰ | ਪਾਠ-7 ਮਲਟੀਮੀਡੀਆ ਨਾਲ ਜਾਣ ਪਛਾਣ | |
| ਜਨਵਰੀ | ਪਾਠ-8 ਸਟੋਰੇਜ਼ ਡਿਵਾਇਸਿਜ਼ | https://youtu.be/HcGdrY9BQiE |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | | |
|---|---|---|
| | ਵਿੰਡੋਜ਼ ਐਕਸਪਲੋਰਰ | https://youtu.be/XgaC4GRhOgs |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

**ਤਿਆਰ ਕਰਤਾ:**
**ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ**
**ਕੰਪਿਊਟਰ ਫੈਕਲਟੀ, ਸ਼ਹੀਦ ਊਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)**

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ 3
## ਮਾਈਕਰੋਸਾਫਟ ਵਰਡ (ਭਾਗ-1)

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. Ctrl+S ਕੀਅਜ਼ ਦੀ ਵਰਤੋਂ ________ ਲਈ ਕੀਤੀ ਜਾਂਦੀ ਹੈ।**

ੳ. Save  ਅ. Open  ੲ. New  ਸ. Close

**2. ਰੂਲਰ ਦੇ ਹੇਠਲੇ ਪਾਸੇ ਇਕ ਵੱਡਾ ਖੇਤਰ ਹੁੰਦਾ ਹੈ, ਜਿਸਨੂੰ ________ ਕਿਹਾ ਜਾਂਦਾ ਹੈ।**

ੳ. ਟੈਕਸਟ ਏਰੀਆ  ਅ. ਓਪਨ ਏਰੀਆ  ੲ. ਕਲੋਜ਼ ਏਰੀਆਂ  ਸ. ਉਪਰੋਕਤ ਸਾਰੇ

**3. ਵਰਡ ਡਾਕੂਮੈਂਟ ਵਿਚ ਦੋ ਸਕਰੋਲਬਾਰ ਹੁੰਦੇ ਹਨ: ________ ਅਤੇ ________**

ੳ. ਹਾਰੀਜੋਂਟਲ, ਵਰਟੀਕਲ (Horizontal, Vertical)  ਅ. ਖੱਬਾ, ਸੱਜਾ (Left, Right)

ੲ. ਉਪਰਲਾ ਅਤੇ ਹੇਠਲਾ ਬਾਰ (Upper, Lower bar)  ਸ. ਉਪਰੋਕਤ ਵਿਚੋਂ ਕੋਈ ਨਹੀਂ

**4. ਇਕ ਨਵਾਂ ਡਾਕੂਮੈਂਟ ਖੋਲਣ ਲਈ ਕੀਅਬੋਰਡ ਤੋਂ ________ ਕੀਅਜ਼ ਪ੍ਰੈਸ ਕੀਤੀਆਂ ਜਾਂਦੀਆਂ ਹਨ।**

ੳ. Ctrl + O  ਅ. Ctrl + N  ੲ. Ctrl + S  ਸ. Ctrl + V

**5. ________ ਵਿਊ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਉਂਦਾ ਹੈ ਜਿਵੇਂ ਕਿ ਉਹ ਪ੍ਰਿੰਟ ਹੋਣ ਉਪਰੰਤ ਦਿਖਾਈ ਦੇਵੇਗਾ।**

ੳ. ਪ੍ਰਿੰਟ ਲੇਆਉਟ  ਅ. ਡ੍ਰਾਫਟ  ੲ. ਆਊਟਲਾਈਨ  ਸ. ਫੁੱਲ ਸਾਈਜ਼

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਰੀਬਨ ਦੇ ਹਰ ਇਕ ____________ ਦੇ ਹੇਠਲੇ ਸੱਜੇ ਕੋਨੇ ਵਿਚ ਡਾਇਲਾਗ ਬਾਕਸ ਲਾਂਚਰ ਮੌਜੂਦ ਹੁੰਦਾ ਹੈ।
2. ਵਰਡ ਦੀ ਵਿੰਡੋ ਦੀ ਸਭ ਤੋਂ ਉਪਰਲੀ ਬਾਰ ਦਾ ਨਾਂ ____________ ਹੁੰਦਾ ਹੈ।
3. ________ ਵਿਊ ਵਿਚ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਇਆ ਜਾਂਦਾ ਹੈ ਜਿਵੇਂ ਕਿ ਉਹ ਪ੍ਰਿੰਟ ਹੋਣ ਉਪਰੰਤ ਦਿਖਾਈ ਦੇਵੇਗਾ।
4. ਨਵਾਂ ਡਾਕੂਮੈਂਟ ਓਪਨ ਕਰਨ ਲਈ ਵਰਤੀ ਜਾਣ ਵਾਲੀ ਸ਼ਾਰਟਕੱਟ ਕੀਅ ______ ਹੁੰਦੀ ਹੈ।
5. ਐਮ. ਅਸ. ਵਰਡ ਦਾ ____________ ਲੇਅਆਉਟ ਵਿਊ ਡਾਕੂਮੈਂਟ ਦੀ ਆਊਟਲਾਈਨ ਨੂੰ ਦਰਸ਼ਾਉਂਦਾ ਹੈ

**ਉੱਤਰ:** 1. ਗਰੁੱਪ  2. ਟਾਈਟਲ ਬਾਰ  3. ਪ੍ਰਿੰਟ ਲੇਆਉਟ  4. Ctrl + N  5. ਆਊਟਲਾਈਨ ਵਿਊ

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1. ਵਰਡ ਪ੍ਰੋਸੈਸਰ ਕੀ ਹੈ?**

ਉ: ਵਰਡ ਪ੍ਰੋਸੈਸਰ ਐਪਲੀਕੇਸ਼ਨ ਸਾਫਟਵੇਅਰ ਹੁੰਦੇ ਹਨ। ਇਹਨਾਂ ਦੀ ਵਰਤੋਂ ਕਰਦੇ ਹੋਏ ਅਸੀਂ ਵੱਖ-ਵੱਖ ਤਰ੍ਹਾਂ ਦੇ ਡਾਕੂਮੈਂਟਸ ਅਤੇ ਚਿੱਠੀ ਪੱਤਰ ਆਦਿ ਤਿਆਰ ਕਰ ਸਕਦੇ ਹਾਂ। ਵਰਡਪੈਡ, ਐਮ.ਐਸ. ਵਰਡ ਆਦਿ ਕੁੱਝ ਆਮ ਵਰਤੇ ਜਾਣ ਵਾਲੇ ਵਰਡ-ਪ੍ਰੋਸਸਰ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰ:2. ਕੁੱਝ ਵਰਡ-ਪ੍ਰੋਸੈਸਿੰਗ ਸਾਫਟਵੇਅਰਜ਼ ਦੇ ਨਾਂ ਲਿਖੋ।**


ਉ: ਕੁੱਝ ਮਹੱਤਵਪੂਰਣ ਵਰਡ-ਪ੍ਰੋਸੈਸਿੰਗ ਸਾਫਟਵੇਅਰਜ਼ ਦੇ ਨਾਂ ਹੇਠਾਂ ਲਿਖੇ ਹਨ:

1. ਐਮ.ਐਸ. ਵਰਡ  2. ਵਰਡ ਪਰਫੈਕਟ  3. ਵਰਡਪੈਡ  4. ਵਰਡਸਟਾਰ

**ਪ੍ਰ:3. ਐਮ.ਐਸ. ਵਰਡ ਕਿਵੇਂ ਸਟਾਰਟ ਕੀਤਾ ਜਾਂਦਾ ਹੈ।**

ਉ: ਐਮ.ਐਸ. ਵਰਡ ਨੂੰ ਹੇਠਾਂ ਦਿਤੇ ਸਟੈਪਾਂ ਦੀ ਵਰਤੋਂ ਕਰਦੇ ਹੋਏ ਸਟਾਰਟ ਕੀਤਾ ਜਾ ਸਕਦਾ ਹੈ:


1. ਸਟਾਰਟ ਮੀਨੂੰ ਓਪਨ ਕਰੋ।
2. ਸਰਚ ਬਾਕਸ ਵਿਚ WORD ਟਾਈਪ ਕਰੋ।
3. ਐਂਟਰ ਕੀਅ ਦਬਾਓ।




**ਪ੍ਰ:4. ਐਮ.ਐਸ. ਵਰਡ ਵਿੰਡੋ ਦੇ ਭਾਗਾਂ ਦੇ ਨਾਂ ਲਿਖੋ।**

ਉ: ਐਮ.ਐਸ. ਵਰਡ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਹੇਠਾਂ ਦਿਤੇ ਗਏ ਹਨ:

1. ਟਾਈਟਲ ਬਾਰ
2. ਰੀਬਨ ਅਤੇ ਟੈਬਜ਼
3. ਟੈਕਸਟ ਏਰੀਆ
4. ਸਟੇਟਸ ਬਾਰ
5. ਸਕਰੋਲ ਬਾਰ
6. ਰੂਲਰ



**ਪ੍ਰ:5. ਟੈਕਸਟ ਏਰੀਆ ਨੂੰ ਪਰਿਭਾਸ਼ਿਤ ਕਰੋ**

ਉ: ਟੈਕਸਟ ਏਰੀਆ ਐਮ.ਐਸ.ਵਰਡ ਦਾ ਮਹੱਤਵਪੂਰਣ ਭਾਗ ਹੈ। ਰੂਲਰ ਦੇ ਹੇਠਲੇ ਪਾਸੇ ਵੱਡੇ ਖੇਤਰ ਨੂੰ ਟੈਕਸਟ ਏਰੀਆ ਕਿਹਾ ਜਾਂਦਾ ਹੈ। ਡਾਕੂਮੈਂਟ ਤਿਆਰ ਕਰਨ ਲਈ ਅਸੀਂ ਇਸ ਏਰੀਏ ਦੀ ਹੀ ਵਰਤੋਂ ਕਰਦੇ ਹਾਂ। ਇਸ ਵਿਚ ਨਜ਼ਰ ਆ ਰਹੀ ਟਿਮਟਿਮਾਉਂਦੀ ਡੰਡੀ ਨੂੰ ਕਰਸਰ ਕਿਹਾ ਜਾਂਦਾ ਹੈ।

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਐਮ.ਐਸ. ਵਰਡ ਦੀਆਂ ਖਾਸ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**


ਉ: ਐਮ.ਐਸ. ਵਰਡ ਦੀਆਂ ਕੁੱਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

1. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਕਿਸੇ ਵੀ ਥਾਂ ਉਪਰ ਟੈਕਸਟ ਦਾਖਲ ਕਰ ਸਕਦੇ ਹਾਂ।
2. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਪੇਜ਼ਾਂ ਦਾ ਮਾਰਜਨ ਆਪਣੀ ਜਰੂਰਤ ਅਨੁਸਾਰ ਸੈਟ ਕਰ ਸਕਦੇ ਹਾਂ।
3. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਕੋਈ ਵੀ ਸ਼ਬਦ/ਟੈਕਸਟ ਬੜੀ ਆਸਾਨੀ ਨਾਲ ਲੱਭ ਸਕਦੇ ਹਾਂ।
4. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਜਰੂਰਤ ਅਨੁਸਾਰ ਟੈਕਸਟ ਦਾ ਫੌਂਟ ਅਤੇ ਸਟਾਈਲ ਬਦਲ ਸਕਦੇ ਹਾਂ।
5. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਪੇਜ਼ਾਂ ਦਾ ਹੈਡਰ ਅਤੇ ਫੁੱਟਰ ਆਸਾਨੀ ਨਾਲ ਸੈਟ ਕਰ ਸਕਦੇ ਹਾਂ।
6. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਸਪੈਲਿੰਗ ਅਤੇ ਗਰਾਮਰ ਨਾਲ ਸੰਬੰਧਤ ਗਲਤੀਆਂ ਨੂੰ ਚੈਕ ਕਰਕੇ ਠੀਕ ਕਰ ਸਕਦੇ ਹਾਂ।

**ਪ੍ਰ:2. ਐਮ.ਐਸ. ਵਰਡ ਵਿਚ ਡਾਕੂਮੈਂਟ ਵਿਊਜ਼ ਦਾ ਵਰਨਣ ਕਰੋ।**

ਉ: ਐਮ.ਐਸ. ਵਰਡ ਵਿਚ ਡਾਕੂਮੈਂਟ ਦੇਖਣ ਦੇ ਵੱਖ-ਵੱਖ ਵਿਊਜ਼ ਇਸ ਪ੍ਰਕਾਰ ਹਨ:

1. **ਪ੍ਰਿੰਟ ਲੇਆਉਟ ਵਿਊ**: ਇਹ ਵਿਊ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਵੇਗਾ ਜਿਸ ਤਰ੍ਹਾਂ ਉਹ ਪ੍ਰਿੰਟ ਹੋਣ ਤੋਂ ਬਾਅਦ ਦਿਖਾਈ ਦੇਵੇਗਾ।
2. **ਫੁਲ ਸਕ੍ਰੀਨ ਲੇਆਉਟ ਵਿਊ**: ਇਹ ਵਿਊ ਡਾਕੂਮੈਂਟ ਨੂੰ ਪੂਰੀ ਸਕ੍ਰੀਨ ਉਪਰ ਦਿਖਾਉਂਦਾ ਹੈ ਤਾਂ ਕਿ ਡਾਕੂਮੈਂਟ ਨੂੰ ਆਸਾਨੀ ਨਾਲ ਪੜਿਆ ਜਾ ਸਕੇ।
3. **ਵੈਬ ਲੇਆਉਟ ਵਿਊ**: ਇਹ ਵਿਊ ਡਾਕੂਮੈਂਟ ਨੂੰ ਠੀਕ ਉਸ ਤਰ੍ਹਾਂ ਦਿਖਾਵੇਗਾ ਜਿਸ ਤਰ੍ਹਾਂ ਉਹ ਵੈਬ ਪੇਜ਼ ਦੇ ਰੂਪ ਵਿਚ ਵੈਬ-ਬ੍ਰਾਊਜ਼ਰ ਵਿਚ ਦਿਖਾਈ ਦੇਵੇਗਾ।
4. **ਆਊਟਲਾਈਨ ਵਿਊ**: ਇਹ ਵਿਊ ਡਾਕੂਮੈਂਟ ਦੀ ਆਊਟਲਾਈਨ ਦਿਖਾਉਂਦਾ ਹੈ।
5. **ਡਰਾਫਟ ਵਿਊ**: ਇਸ ਵਿਊ ਦੀ ਮਦਦ ਨਾਲ ਡਾਕੂਮੈਂਟ ਨੂੰ ਤੇਜੀ ਨਾਲ ਐਡੀਟ ਕੀਤਾ ਜਾ ਸਕਦਾ ਹੈ।




**ਪ੍ਰ:3. ਐਮ.ਐਸ. ਵਰਡ ਵਿਚ ਨਵੀਂ ਫਾਈਲ ਕਿਵੇਂ ਬਣਾਈ ਅਤੇ ਸੇਵ ਕੀਤੀ ਜਾਂਦੀ ਹੈ?**

ਉ: ਐਮ. ਐਸ. ਵਰਡ ਵਿਚ ਨਵੀਂ ਫਾਈਲ ਬਨਾਉਣ ਅਤੇ ਸੇਵ ਕਰਨ ਦੇ ਸਟੈਪ ਹੇਠਾਂ ਦਿਤੇ ਗਏ ਹਨ:

**ਨਵੀਂ ਫਾਈਲ ਬਨਾਉਣ ਦੇ ਸਟੈਪ:**

1. ਨਵੀਂ ਫਾਈਲ ਬਨਾਉਣ ਲਈ ਸ਼ਾਰਟਕੱਟ ਕੀਅ Ctrl + N ਨੂੰ ਪ੍ਰੈਸ ਕਰੋ।

**ਨਵੀਂ ਫਾਈਲ ਨੂੰ ਸੇਵ ਕਰਨ ਦੇ ਸਟੈਪ:**

1. ਫਾਈਲ ਸੇਵ ਕਰਨ ਲਈ ਸ਼ਾਰਟਕੱਟ ਕੀਅ Ctrl+S ਨੂੰ ਪ੍ਰੈਸ ਕਰੋ।
2. Save As... ਡਾਇਲਾਗ ਬਾਕਸ ਓਪਨ ਹੋਵੇਗਾ।
3. ਇਸ ਡਾਇਲਾਗ ਬਾਕਸ ਵਿਚ ਫਾਈਲ ਦਾ ਨਾਂ ਟਾਈਪ ਕਰੋ।
4. Save ਬਟਨ ਉਪਰ ਕਲਿੱਕ ਕਰੋ।

